ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621106 | 2624687 | punjabtrainings2011@gmail.com |

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ) (Web Site ਰਾਹੀਂ)
ਸਮੂਹ ਪ੍ਰਿੰਸੀਪਲ ਸਰਕਾਰੀ ਇੰਨ-ਸਰਵਿਸ ਟ੍ਰੇਨਿੰਗ ਸੈਂਟਰਜ਼
ਪ੍ਰਿੰਸੀਪਲ ਡਾਇਟ (ਫਤਿਹਗੜ੍ਹ ਸਾਹਿਬ, ਮੋਗਾ, ਮਾਨਸਾ, ਮੁਕਤਸਰ, ਐਸ.ਬੀ.ਐਸ ਨਗਰ)
ਪੰਜਾਬ

ਮੀਮੋ ਨੰ:SSA/ASPD/TT/ /2011-12/ 73716
ਮਿਤੀ: 10/02/2012 ਚੰਡੀਗੜ੍ਹ

**ਵਿਸ਼ਾ:- ਸਾਲ 2011-12 ਦੌਰਾਨ ਵਿਭਾਗ ਅਤੇ ਸਰਵ ਸਿੱਖਿਆ ਅਭਿਆਨ ਤਹਿਤ ਨਵੇਂ ਭਰਤੀ ਅੱਪਰ ਪ੍ਰਾਇਮਰੀ ਅਧਿਆਪਕਾਂ ਦੀ ਇੰਡਕਸ਼ਨ ਟ੍ਰੇਨਿੰਗ ਸੰਬੰਧੀ।**

1.0 PAB ਵਿੱਚ ਮੰਜ਼ੂਰ ਹੋਏ ਅਨੁਸਾਰ, ਮੁੱਖ ਦਫਤਰ ਵੱਲੋਂ ਸਾਲ 2011-12 ਦੌਰਾਨ ਨਵੇਂ ਭਰਤੀ ਹੋਣ ਵਾਲੇ ਅਧਿਆਪਕਾਂ ਨੂੰ 21 ਫਰਵਰੀ 2012 ਤੋਂ 29 ਮਾਰਚ 2012 ਤੱਕ (ਛੁੱਟੀਆਂ ਕੱਢ ਕੇ) 30 ਰੋਜ਼ਾ ਇੰਡਕਸ਼ਨ ਟ੍ਰੇਨਿੰਗ ਕਰਵਾਈ ਜਾਣੀ ਹੈ।ਇੰਨ੍ਹਾ ਅਧਿਆਪਕਾਂ ਨੂੰ 25 ਰੋਜ਼ਾ ਵਿਭਾਗ ਅਤੇ ਵਿਦਿਅਕ ਗਤੀਵਿਧੀਆਂ ਸਬੰਧੀ, 01 ਰੋਜ਼ਾ ਸੀ.ਸੀ.ਈ ਅਤੇ 04 ਰੋਜ਼ਾ ਸਬੰਧਤ ਵਿਸ਼ੇ ਦੀ ਟ੍ਰੇਨਿੰਗ ਕਰਵਾਈ ਜਾਣੀ ਹੈ।

2.0 ਇਹ ਟ੍ਰੇਨਿੰਗ, ਸਮੂਹ ਨਵ- ਨਿਯੁਕਤ ਅਧਿਆਪਕਾਂ ਨੂੰ, ਜਿਲ੍ਹਾ ਪੱਧਰ ਤੇ, ਆਪ ਵੱਲੋਂ ਸੁਝਾਏ (ਸਬੰਧਤ ਪ੍ਰਿੰਸੀਪਲ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ ਅਤੇ ਜਿਲ੍ਹਾ ਸਿੱਖਲਾਈ ਸੰਸਥਾ ਦੀ ਮੱਦਦ ਨਾਲ) ਅਤੇ ਮੁੱਖ ਦਫ਼ਤਰ ਵਲੋਂ ਟ੍ਰੇਨਡ ਕੀਤੇ ਰਿਸੋਰਸ ਪਰਸਨ ਵਲੋਂ ਕਰਵਾਈ ਜਾਣੀ ਹੈ ।

3.0 ਇਹ ਟ੍ਰੇਨਿੰਗ ਮੁੱਖ ਦਫਤਰ ਵੱਲੋਂ ਜਾਰੀ ਸਮ੍ਹਾਂ ਸਾਰਣੀ ਅਨੁਸਾਰ ਸਵੇਰੇ 9.00 ਵਜੇ ਤੋਂ ਸ਼ਾਮ 3.00 ਵਜੇ ਤੱਕ ਕਰਵਾਈ ਜਾਵੇਗੀ।ਟ੍ਰੇਨਿੰਗ ਦੌਰਾਣ ਵਰਤੇ ਜਾਣ ਵਾਲੇ ਮਟੀਰੀਅਲ ਦੀਆਂ hard-copies, (ਮੁੱਖ ਦਫਤਰ ਵੱਲੋਂ ਭੇਜੀਆਂ ਜਾਣ ਵਾਲੀਆਂ ਸੀ.ਡੀਜ਼ ਅਨੁਸਾਰ ਫੋਟੋਸਟੇਟ ਕਰਵਾ ਕੇ) ਸਬੰਧਤ ਪ੍ਰਿੰਸੀਪਲ GISTC/DIET ਵੱਲੋਂ ਆਪਣੇ ਪੱਧਰ ਤੇ ਅਧਿਆਪਕਾਂ ਨੂੰ ਮੁਹੱਈਆ ਕਰਵਾਈਆਂ ਜਾਣਗੀਆਂ।

4.0 ਆਪ ਵੱਲੋਂ, ਵਿਭਾਗ ਅਤੇ ਸਰਵ ਸਿੱਖਿਆ ਅਭਿਆਨ ਤਹਿਤ ਨਵ- ਨਿਯੁਕਤ ਅਧਿਆਪਕਾਂ (2011-12) ਦੇ ਨਾਵਾਂ ਦੀਆਂ ਸੂਚੀਆਂ ਸਬੰਧਤ ਪ੍ਰਿੰਸੀਪਲ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ ਅਤੇ ਡਾਇਟਸ ਨੂੰ ਜਲਦ ਤੋਂ ਜਲਦ ਮੁਹੱਈਆ ਕਰਵਾਈਆ ਜਾਣ ਤਾਂ ਜੋ ਉਨ੍ਹਾਂ ਵੱਲੋਂ ਉਪਰੋਕਤ ਟ੍ਰੇਨਿੰਗ ਦਾ ਮਾਈਕਰੋ ਪਲਾਨ ਤਿਆਰ ਕਰਕੇ, ਮੁੱਖ ਦਫ਼ਤਰ ਅਤੇ ਆਪ ਨੂੰ ਪੁੱਜਦਾ ਕੀਤਾ ਜਾ ਸਕੇ।

5.0 ਨਿਮਨਹਸਤਾਖਰ ਦੀ ਪ੍ਰਵਾਨਗੀ ਤੋਂ ਬਿਨਾ ਮਾਈਕਰੋ ਪਲਾਨ ਵਿੱਚ ਕੋਈ ਤਬਦੀਲੀ ਨਾ ਕੀਤੀ ਜਾਵੇ।

6.0 ਟ੍ਰੇਨਿੰਗ ਦੇ ਸਥਾਨ ਤੇ, ਅਧਿਆਪਕਾਂ ਨੂੰ ਮੂਲ ਸਹੂਲਤਾਂ ਜਿਵੇਂ ਕਿ ਪੀਣ ਦਾ ਪਾਣੀ, ਬੈਠਣ ਦਾ ਉਚਿੱਤ ਪ੍ਰੰਬੰਧ ਅਤੇ ਬਿਜਲੀ ਆਦਿ ਮੁਹੱਈਆ ਕਰਵਾਏ ਜਾਣ ਦੀ ਜਿੰਮੇਵਾਰੀ ਸਬੰਧਤ ਪ੍ਰਿਸੀਪਲ GISTC/DIET ਦੀ ਹੋਵੇਗੀ।

ਚਲਦਾ ਪੰਨਾ.......

7.0 ਉਪਰੋਕਤ ਟ੍ਰੇਨਿੰਗਜ਼ ਦੀ ਮੋਨੀਟਰਿੰਗ ਡਾਇਰੈਕਟਰ SCERT, ਸਬੰਧਤ ਮੰਡਲ ਸਿੱਖਿਆ ਅਫਸਰ (ਫਰੀਦਕੋਟ, ਨਾਭਾ, ਜਲੰਧਰ, ਆਪ ਵੱਲੋਂ, ਸਬੰਧਤ ਪ੍ਰਿਸੀਪਲ GISTCs/DIETs ਅਤੇ ਮੁੱਖ ਦਫਤਰ ਦੇ ਅਧਿਕਾਰੀਆਂ ਵਲੋ ਕੀਤੀ ਜਾਵੇਗੀ।

8.0 ਸਬੰਧਤ ਅਧਿਆਪਕਾਂ ਨੂੰ ਸੂਚਿਤ ਕਰਨਾ ਆਪ ਦੀ ਜਿੰਮੇਵਾਰੀ ਹੋਵੇਗੀ।

9.0 ਸਬੰਧਤ ਅਧਿਆਪਕਾਂ ਦੀ ਡਿਊਟੀ ਸਲਾਨਾ ਪ੍ਰੀਖਿਆਵਾਂ ਵਿੱਚ ਨਾ ਲਗਾਈ ਜਾਵੇ।

10.0 ਉਪਰੋਕਤ ਟ੍ਰੇਨਿੰਗ ਦਾ ਖਰਚਾ ਸਰਵ ਸਿੱਖਿਆ ਅਭਿਆਨ ਦੇ ਟੀਚਰ ਟ੍ਰੇਨਿੰਗ ਫੰਡ (ਮੱਦ 6.03) ਵਿੱਚੋਂ ਕੀਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-**
**ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥੋਰਿਟੀ,**
**ਪੰਜਾਬ,ਚੰਡੀਗੜ੍ਹ**

**ਪਿਠ ਅੰਕਣ ਨੰ:ਏਐਸਪੀਡੀ/ਟੀ.ਟੀ/2011-12/** ਉ੨੩ **ਮਿਤੀ:** 10/02/2012

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ SCERT
2. ਮੰਡਲ ਸਿੱਖਿਆ ਅਫਸਰ (ਨਾਭਾ,ਫਰੀਦਕੋਟ,ਜਲੰਧਰ) (Web Site ਰਾਹੀਂ)
3. ਸਮੂਹ ਸਕੂਲ ਮੁੱਖੀ (Web Site ਰਾਹੀਂ)
4. DM (MIS) ਨੂੰ Web site ਤੇ ਪਾਉਣ ਲਈ

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-**
**ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥੋਰਿਟੀ,**
**ਪੰਜਾਬ,ਚੰਡੀਗੜ੍ਹ**